ਡਾਇਰੈਕਟੋਰੇਟ

ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,

ਐਸ.ਸੀ.ਐਫ.ਨੰ: 7, ਫੇਸ-1, ਐਸ.ਏ.ਐਸ. ਨਗਰ, ਮੋਹਾਲੀ

ਸੇਵਾ ਵਿਖੇ,

1. ਵਿਸ਼ੇਸ਼ ਕਾਰਜ ਅਫਸਰ,
   ਵਜੀਫਾ ਸ਼ਾਖਾ,
   ਪੰਜਾਬ।
2. ਸਮੂਹ ਸਿੱਖਿਆ ਅਫਸਰ (ਸੈ.ਸਿੱ), (ਐ.ਸਿੱ)
   ਪੰਜਾਬ।

ਮੀਮੋ ਨੰ: 1/268203/2021

ਮਿਤੀ, ਐਸ.ਏ.ਐਸ. ਨਗਰ। 22-10-2021

ਵਿਸ਼ਾ:- ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਸਾਲ 2021-22 ਦੌਰਾਨ ਸਮੂਹ ਸਕੂਲਾਂ ਦੇ ਇੰਸਟੀਚਿਊ ਨੋਡਲ ਅਫਸਰਾਂ ਦਾ ਪ੍ਰੋਫਾਈਲ Aadhar Authentication ਕਰਨ ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਰਕਾਰੀ/ਗੈਰ ਸਰਕਾਰੀ ਮਾਨਤਾ ਪ੍ਰਾਪਤ ਸਮੂਹ ਵਿਦਿਅਕ ਸੰਸਥਾਵਾਂ ਦੇ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਇਸਟੀਚਿਊਟ ਨੋਡਲ ਅਫਸਰ ਦਾ ਪ੍ਰੋਫਾਈਲ Aadhar Authentication ਅਪਡੇਟ ਕੀਤਾ ਜਾਣਾ ਹੈ। ਪੋਰਟਲ ਤੋਂ ਉਪਲੱਬਧ ਤਾਜਾ ਆਂਕੜਿਆ ਅਨੁਸਾਰ ਧਿਆਨ ਵਿੱਚ ਆਇਆ ਹੈ ਕਿ ਮਿਤੀ 21-10-2021 ਤੱਕ 14270 ਸਕੂਲਾਂ ਦੇ ਇੰਸਟੀਚਿਊਟ ਨੋਡਲ ਅਫਸਰਾਂ ਦੇ ਪ੍ਰੋਫਾਈਲ ਦੀ Aadhar Authentication ਨਹੀਂ ਹੋਈ ਹੈ। ਇਸ ਲਈ ਆਪ ਨੂੰ ਪੋਰਟਲ ਅਨੁਸਾਰ ਜਿਲ੍ਹਾ ਵਾਰ ਲੰਬਿਤ ਪਈਆਂ ਸੰਸਥਾਵਾਂ ਦੀ List ਇਸ ਪੱਤਰ ਨਾਲ Email ਰਾਹੀਂ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਨਾਲ ਸਬੰਧਤ ਇਨ੍ਹਾਂ ਵਿਦਿਅਕ ਸੰਸਥਾਵਾਂ ਦੇ ਇੰਸਟੀਚਿਊਟ ਨੋਡਲ ਅਫਸਰਾਂ ਦੇ ਪ੍ਰੋਫਾਈਲ ਦੀ Aadhar Authentication ਮਿਤੀ 25-10-2021 ਤੱਕ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਦੁਆਰਾ ਮਿਤੀ 26-10-2021 ਨੂੰ ਇਸ ਸਬੰਧੀ ਆਨ-ਲਾਈਨ ਰੀਵਿਊ ਮੀਟਿੰਗ ਰੱਖੀ ਗਈ ਹੈ। ਜਿਸ ਵਿਚ ਇਨ੍ਹਾ ਆਂਕੜਿਆਂ ਅਨੁਸਾਰ ਪੰਜਾਬ ਰਾਜ ਦੀ ਪ੍ਰਗਤੀ ਰਿਪੋਰਟ ਤਸਲੀਬਖਸ ਨਹੀਂ ਹੈ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਮਨਿਓਰਟੀ ਅਧੀਨ ਹੁਣ ਤੱਕ 2,79,109 ਵਿਦਿਆਰਥੀ ਅਪਲਾਈ ਕਰ ਚੁੱਕੇ ਹਨ ਜਿਨ੍ਹਾਂ ਵਿੱਚੋਂ 2,18,090 ਵਿਦਿਆਰਥੀ ਸਕੂਲ ਪੱਧਰ ਤੇ ਵੈਰੀਫਾਈ ਕਰਨ ਲਈ ਪੈਡਿੰਗ ਪਏ ਹਨ। ਜਦੋਂ ਤੱਕ ਇੰਸਟੀਚਿਊਟ ਨੋਡਲ ਅਫਸਰਾਂ ਦੀ ਪ੍ਰੋਫਾਈਲ Aadhar Authentication ਨਹੀਂ ਹੁੰਦੀ, ਵਿਦਿਅਕ ਸੰਸਥਾਵਾਂ ਵਿਦਿਆਰਥੀਆਂ ਨੂੰ ਵੈਰੀਫਾਈ ਨਹੀਂ ਕਰ ਸਕਣ ਗਈਆਂ। ਇਸ ਲਈ ਇੰਸਟੀਚਿਊਟ ਨੋਡਲ ਅਫਸਰਾਂ ਦੀ ਪ੍ਰੋਫਾਈਲ Aadhar Authentication ਪੈਡਿੰਗ ਪਈ ਸੂਚੀ Excel Format ਰਾਹੀਂ ਆਪ ਜੀ ਨੂੰ ਜਾਣੂ ਕਰਵਾਉਣ ਲਈ ਭੇਜੀ ਜਾਂਦੀ ਹੈ। ਇਸ ਤੋਂ ਬਾਅਦ ਅਗਲੇਰੀ ਕਾਰਵਾਈ ਕਰਨ ਲਈ ਇਹਨਾਂ ਵਿਦਿਅਕ ਸੰਸਥਾਵਾਂ

Scanned with CamScanner

ਤੇ ਨੱਥੀ **ਪ੍ਰੋਫਾਰਮਾ-1** ਰਾਹੀਂ ਸੂਚਨਾ ਇੱਕਤਰ ਕਰਕੇ ਪੈਡਿੰਗ ਪਈ Aadhar Authentication ਨੂੰ ਮਿਤੀ 25-10-2021 ਤੱਕ ਜਲਦ ਤੋਂ ਜਲਦ ਸੰਪੂਰਨ ਕੀਤਾ ਜਾਵੇ।

ਜਿਲ੍ਹਾਂ ਨੋਡਲ ਅਫਸਰ (ਸੈ.ਸਿੱ) ਅਤੇ (ਐ.ਸਿੱ) ਉਪਰੋਕਤ ਪ੍ਰੀਕ੍ਰਿਆ ਨੂੰ ਮੁਕੰਮਲ ਕਰਨ ਲਈ ਲੜੀਵਦ ਜਾਣਕਾਰੀ ਨੱਥੀ **ਪ੍ਰੋਫਾਰਮਾ-2** ਵਿਚ ਦਿੱਤੀ ਗਈ ਹੈ। ਜਿਸ ਦੇ ਅਨੁਸਾਰ ਵਿਦਿਅਕ ਸੰਸਥਾਵਾਂ ਦੇ ਨੋਡਲ ਅਫਸਰਾਂ ਅਤੇ ਵਿਦਿਅਕ ਸੰਸਥਾਵਾਂ ਦੇ ਮੁੱਖ/ਹੈੱਡ ਅਫਸਰਾਂ ਦੇ ਪ੍ਰੋਫਾਈਲ ਅੱਪਡੇਟ ਕਰਨੇ ਉਚਿਤ ਹੋਣਗੇ।

ਇਸ ਲਈ ਉਕਤ ਪ੍ਰੋਸੈੱਸ ਨੂੰ ਪਰਮ ਅਗੇਤ ਦਿੱਤੀ ਜਾਵੇ ਤਾਂ ਜੋ ਸਮੇਂ ਸਿਰ ਰਹਿੰਦੇ ਘੱਟ ਗਿਣਤੀ ਵਰਗ ਦੇ ਯੋਗ ਵਿਦਿਆਰਥੀਆਂ ਨੂੰ ਇਹਨਾਂ ਸਕੀਮਾਂ ਦਾ ਲਾਭ ਪ੍ਰਾਪਤ ਹੋ ਸਕੇ।

ਨੱਥੀ:
1. ਜਿਲਾ ਵਾਰ ਐਕਸਲ ਫਾਰਮੇਟ ਵਿੱਚ ਪੈਡਿੰਗ ਵਿਦਿਅਕ ਸੰਸਥਾਵਾਂ ਦੀ ਸੂਚੀ।
2. ਪ੍ਰੋਫਾਰਮਾ-1 (ਵਿਦਿਅਕ ਸੰਸਥਾਵਾ ਤੋਂ ਲਈ ਜਾਣ ਵਾਲੀ ਜਾਣਕਾਰੀ)
3. ਪ੍ਰੋਫਾਰਮਾ-2 (ਵਿਦਿਅਕ ਸੰਸਥਾਵਾ ਦੀ Aadhar Authentication ਕਰਨ ਸਬੰਧੀ ਸਟੈਪ ਬਾਈ ਸਟੈਪ ਪ੍ਰੀਕ੍ਰਿਆ)

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

---

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ।
(ਵਜੀਫਾ ਸ਼ਾਖਾ)

ਪਿੰਠ ਅੰਕਣ ਨੰ. 7/1-2021ਵਜੀਫਾ(2)/2021351601 ਮਿਤੀ- ੨੬-10-੨0੨1

ਉਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ 14270 ਸਕੂਲਾਂ ਦੇ ਇੰਸਟੀਚਿਊਟ ਨੋਡਲ ਅਫਸਰਾਂ ਦੇ ਪ੍ਰੋਫਾਈਲ ਦੀ Aadhar Authentication ਨਹੀਂ ਹੋਈ ਹੈ। ਇਸ ਲਈ ਆਪ ਦੇ ਵਿਭਾਗ ਨਾਲ ਸਬੰਧਤ ਇਨ੍ਹਾਂ ਵਿਦਿਅਕ ਸੰਸਥਾਵਾਂ ਦੇ ਇਸਟੀਚਿਊਟ ਨੋਡਲ ਅਫਸਰਾਂ ਦੇ ਪ੍ਰੋਫਾਈਲ ਦੀ Aadhar Authentication ਦਾ ਕੰਮ ਤੁਰੰਤ ਮੁਕੰਮਲ ਕਰਕੇ ਸਬੰਧਤ ਵਿਭਾਗ ਨੂੰ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ ਵਜੀਫਾ

Scanned with CamScanner